## ਪਾਠ 5
## ਮਾਈਕਰੋਸਾਫਟ ਪਾਵਰਪੁਆਇੰਟ ਭਾਗ-2

### ਪ੍ਰਸ਼ਨ:1 ਖਾਲੀ ਥਾਵਾਂ ਭਰੋ।

1. _________ ਸਲਾਇਡ ਉੱਪਰ ਵੱਖ ਵੱਖ ਤੱਤਾਂ ਦੇ ਡਿਜ਼ਾਇਨ ਅਤੇ ਪਲੇਸਮੈਂਟ ਨੂੰ ਪ੍ਰਭਾਸ਼ਿਤ ਕਰਦਾ ਹੈ।
ੳ) ਬੈਕਗ੍ਰਾਊਂਡ ਸਟਾਈਲ ਅ) ਪਲੇਸਹੋਲਡਰਜ਼ ੲ) ਸਲਾਇਡ ਲੇਆਊਟ ਸ) ਪੈਟਰਨ

2. ਇੱਕ ____________ਦੋ ਜਾਂ ਦੋ ਤੋਂ ਵਧੇਰੇ ਰੰਗਾਂ ਦਾ ਮਿਸ਼ਰਨ ਹੁੰਦਾ ਹੈ ਜੋ ਇੱਕ ਦੂਜੇ ਵਿੱਚ ਮਰਜ (merge) ਹੋ ਜਾਂਦੇ ਹਨ।
ੳ) ਥੀਮ (Theme) ਅ) ਪੈਟਰਨ (Pattern) ੲ) ਬੈਕਗ੍ਰਾਊਂਡ ਸਟਾਈਲ (Background Style) ਸ) ਗਰੇਡੀਐਂਟ (Gradient)

3. _________ ਡਿਫਾਲਟ (default) ਵਿਊ ਹੈ ਜਿਥੇ ਅਸੀਂ ਆਪਣੀਆਂ ਸਲਾਈਡਾਂ ਬਣਾਉਂਦੇ, ਐਡਿਟ ਕਰਦੇ ਅਤੇ ਡਿਜ਼ਾਈਨ ਕਰਦੇ ਹਾਂ।
ੳ) ਨਾਰਮਲ ਵਿਊ (Normal View) ਅ) ਸਲਾਇਡ ਸ਼ੋਅ (Slide Show)
ੲ) ਸਲਾਇਡ ਸਾਰਟਰ ਵਿਊ (Slide Sorter View) ਸ) ਰੀਡਿੰਗ ਵਿਊ (Reading View)

4. PowerPoint 2010 ਵਿੱਚ ______ ਡਿਫਾਲਟ ਸਲਾਇਡ ਬੈਕਗ੍ਰਾਊਂਡ ਸਟਾਈਲਸ ਉਪਲਬਧ ਹਨ।
ੳ) 48 ਅ) 4 ੲ) 12 ਸ) 3

5. ______ ਕੰਟਰੋਲ ਸਲਾਇਡ ਕੰਟੈਂਟਸ ਨੂੰ ਨੇੜੇ ਤੋਂ ਵੇਖਣ (closer look) ਲਈ ਸਾਨੂੰ ਜ਼ੂਮ-ਇਨ (zoom-in) ਕਰਨ ਦੀ ਆਗਿਆ ਦਿੰਦਾ ਹੈ।
ੳ) ਜ਼ੂਮ (Zoom) ਅ) ਸਲਾਇਡ (Slide) ੲ) ਨਾਰਮਲ ਵਿਊ (Normal View) ਸ) ਗ੍ਰੇਡੀਐਂਟ (Gradient)

### ਪ੍ਰਸ਼ਨ:2 ਬਹੁਤ ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰ:1 ਇੱਕ ਨਵੀਂ ਸਲਾਇਡ ਦਾਖਲ ਕਰਨ ਦੀ ਸ਼ਾਰਟਕੱਟ ਕੀਅ ਲਿਖੋ।
ੳ: Ctrl + M

ਪ੍ਰ:2 ਇੱਕ ਨਵੀਂ ਪਰੈਜ਼ਨਟੇਸ਼ਨ ਫਾਈਲ ਬਨਾਉਣ ਦੀ ਸ਼ਾਰਟਕੱਟ ਕੀਅ ਲਿਖੋ।
ੳ: Ctrl+ N

ਪ੍ਰ:3 ਸਲਾਇਡ ਉੱਪਰ ਟੈਕਸਟ ਨੂੰ ਫਾਰਮੇਟ ਕਰਨ ਲਈ ਕਿਹੜੇ ਟੈਬ ਦੀ ਵਰਤੋਂ ਕੀਤੀ ਜਾਂਦੀ ਹੈ?
ੳ: Home ਟੈਬ

ਪ੍ਰ:4 ਕਿਹੜਾ ਪਾਵਰਪੁਆਇੰਟ ਵਿਊ ਦਰਸ਼ਕਾਂ ਅੱਗੇ ਪ੍ਰੈਜ਼ਨਟੇਸ਼ਨ ਪੇਸ਼ ਕਰਨ ਲਈ ਵਰਤਿਆ ਜਾਂਦਾ ਹੈ?
ੳ: Slide Show ਵਿਊ

ਪ੍ਰ:5 ਪਾਵਰਪੁਆਇੰਟ ਵਿੱਚ ਕਿਹੜੀ ਬਾਰ ਵਿੱਚ ਵਿਊ ਬਟਨਜ਼ ਅਤੇ ਜ਼ੂਮ ਸਲਾਇਡਰ ਮੋਜੂਦ ਹੁੰਦੇ ਹਨ?
ੳ: ਸਟੇਟਸ ਬਾਰ


### ਪ੍ਰਸ਼ਨ: 3 ਛੋਟੇ ਉੱਤਰਾਂ ਵਾਲੇ ਪ੍ਰਸ਼ਨ

ਪ੍ਰ:1 ਪਾਵਰਪੁਆਇੰਟ ਵਿੱਚ File ਟੈਬ ਦੀ ਮਦਦ ਨਾਲ ਨਵੀਂ ਪ੍ਰੈਜ਼ਨਟੇਸ਼ਨ ਫਾਈਲ ਬਨਾਉਣ ਦੇ ਸਟੈਪ ਲਿਖੋ।
ੳ: File ਟੈਬ ਦੀ ਮਦਦ ਨਾਲ ਨਵੀਂ ਪ੍ਰੈਜ਼ਨਟੇਸ਼ਨ ਫਾਈਲ ਬਨਾਉਣ ਦੇ ਸਟੈਪ ਹੇਠਾਂ ਦਿਤੇ ਗਏ ਹਨ:
1. File ਟੈਬ ਉੱਪਰ ਕਲਿੱਕ ਕਰੋ।
2. New ਆਪਸ਼ਨ ਉੱਪਰ ਕਲਿੱਕ ਕਰੋ।
3. Blank Presentation ਉੱਪਰ ਕਲਿੱਕ ਕਰੋ।
4. Create ਬਟਨ ਉੱਪਰ ਕਲਿੱਕ ਕਰੋ।

ਪ੍ਰ:2 ਪਲੇਸਹੋਲਡਰਜ਼ (Placeholders) ਕੀ ਹੁੰਦੇ ਹਨ?
ੳ: ਪਲੇਸਹੋਲਡਰ ਸਲਾਇਡ ਲੇਆਉਟ ਉੱਪਰ ਡਾਟੇਡ ਲਾਈਨਾਂ ਵਾਲੇ ਕੰਟੇਨਰ (Dotted-Line Containers) ਹੁੰਦੇ ਹਨ। ਇਹਨਾਂ ਵਿੱਚ ਕਈ ਤਰ੍ਹਾਂ ਦੇ ਕੰਟੈਂਟਸ ਰੱਖੇ ਜਾ ਸਕਦੇ ਹਨ, ਜਿਵੇਂ ਕਿ: ਟਾਈਟਲ (Title), ਟੇਬਲ (Table), ਚਾਰਟ (Chart), ਤਸਵੀਰਾਂ (Pictures), ਕਲਿੱਪ ਆਰਟ (ClipArt), ਆਦਿ।


ਪ੍ਰ:3 ਥੀਮਜ਼ (Themes) ਕੀ ਹੁੰਦੇ ਹਨ?
ੳ: ਇੱਕ ਥੀਮ ਕਲਰਜ਼, ਫੌਂਟਸ ਅਤੇ ਵਿਜ਼ੁਅਲ ਇਫੈਕਟਸ (visual effects) ਦਾ ਪਹਿਲਾਂ ਤੋਂ ਹੀ ਪਰੀਭਾਸ਼ਿਤ ਇੱਕ ਸਮੂਹ ਹੁੰਦਾ ਹੈ। ਇਹਨਾਂ ਦੀ ਵਰਤੋਂ ਅਸੀਂ ਆਪਣੀਆਂ ਸਲਾਈਡਾਂ ਉੱਪਰ ਇੱਕਸਾਰ ਅਤੇ ਪੇਸ਼ੇਵਰ ਦਿੱਖ ਸੈੱਟ ਕਰਨ ਲਈ ਕਰਦੇ ਹਾਂ।

ਪ੍ਰ:4 ਪਾਵਰਪੁਆਇੰਟ ਵਿੰਡੋ ਦੇ ਸਟੇਟਸ ਬਾਰ ਵਿੱਚ ਮੋਜੂਦ ਵਿਊ ਬਟਨਜ਼ ਦੇ ਨਾਂ ਲਿਖੋ।
ੳ: ਸਟੇਟਸ ਬਾਰ ਵਿੱਚ ਜ਼ੂਮ ਸਲਾਇਡਰ ਦੇ ਨਾਲ ਚਾਰ ਵਿਊ ਬਟਨ ਹੁੰਦੇ ਹਨ:
- ਨਾਰਮਲ ਵਿਊ (Normal View)
- ਸਲਾਈਡ ਸਾਰਟਰ ਵਿਊ (Slide Sorter View)
- ਰੀਡਿੰਗ ਵਿਊ (Reading View)
- ਸਲਾਈਡ ਸ਼ੋਅ ਵਿਊ (Slide Show)




ਪ੍ਰ:5 ਗਰੇਡੀਐਂਟ ਫਿੱਲ (Gradient Fill) ਕੀ ਹੈ?
ੳ: ਇੱਕ ਗਰੇਡੀਐਂਟ ਦੋ ਜਾਂ ਦੋ ਤੋਂ ਵਧੇਰੇ ਰੰਗਾਂ ਦਾ ਮਿਸ਼ਰਨ ਹੁੰਦਾ ਹੈ ਜੋ ਇੱਕ ਦੂਜੇ ਵਿੱਚ ਮਰਜ (merge) ਹੋ ਜਾਂਦੇ ਹਨ। ਗਰੇਡੀਐਂਟ ਫਿਲ (Gradient Fill) ਆਪਸ਼ਨ ਗਰੇਡੀਐਂਟ ਨੂੰ ਇੱਕ ਸਲਾਇਡ ਬੈਕਗ੍ਰਾਊਂਡ ਦੇ ਰੂਪ ਵਿੱਚ ਲਾਗੂ ਕਰਨ ਲਈ ਵਰਤਿਆ ਜਾਂਦਾ ਹੈ। ਇਹ ਆਪਸ਼ਨ Format Background ਡਾਇਲਾਗ ਬਾਕਸ ਵਿਚ ਮੋਜੂਦ ਹੁੰਦੀ ਹੈ।

**ਪ੍ਰ:6 ਫਾਰਮੇਟ ਬੈਕਗ੍ਰਾਊਂਡ (Format Background) ਡਾਇਲਾਗ ਬਾਕਸ ਦੇ Fill ਪੇਨ ਵਿੱਚ ਕਿਹੜੀਆਂ ਆਪਸ਼ਨਜ਼ ਮੌਜੂਦ ਹੁੰਦੀਆਂ ਹਨ?**




ਉ: Fill ਪੇਨ ਵਿੱਚ ਹੇਠ ਲਿਖੀਆਂ ਆਪਸ਼ਨਜ਼ ਮੌਜੂਦ ਹੁੰਦੀਆਂ ਹਨ:

- **Solid Fill**
- **Gradient Fill**
- **Picture or Texture Fill**
- **Pattern Fill**

## ਪ੍ਰਸ਼ਨ: 4 ਵੱਡੇ ਉੱਤਰਾਂ ਵਾਲੇ ਪ੍ਰਸ਼ਨ


**ਪ੍ਰ:1 ਸਲਾਇਡ ਦੀ ਦਿਖ ਨੂੰ ਬਦਲਣ ਦੇ ਵੱਖ-ਵੱਖ ਤਰੀਕਿਆਂ ਦਾ ਵਿਸਥਾਰ ਵਿੱਚ ਵਰਨਣ ਕਰੋ।**

ਉ: ਪਾਵਰਪੁਆਇੰਟ ਵਿੱਚ Design ਟੈਬ ਵਿਚ ਮੌਜੂਦ ਆਪਸ਼ਨਾਂ ਦੀ ਮਦਦ ਨਾਲ ਅਸੀਂ ਸਲਾਈਡਾਂ ਦੀ ਦਿੱਖ ਆਸਾਨੀ ਨਾਲ ਬਦਲ ਸਕਦੇ ਹਾਂ। ਸਲਾਈਡ ਦੀ ਦਿੱਖ ਬਦਲਣ ਦੇ ਕੁੱਝ ਮੁੱਖ ਤਰੀਕੇ ਇਸ ਪ੍ਰਕਾਰ ਹਨ:

- **ਥੀਮਜ਼:** ਇੱਕ ਥੀਮ ਕਲਰਜ਼, ਫੌਂਟਸ ਅਤੇ ਵਿਜ਼ੂਅਲ ਇਫੈਕਟਸ (visual effects) ਦਾ ਪਹਿਲਾਂ ਤੋਂ ਹੀ ਪਰੀਭਾਸ਼ਿਤ ਇੱਕ ਸਮੂਹ ਹੁੰਦਾ ਹੈ। ਇਹਨਾਂ ਦੀ ਵਰਤੋਂ ਅਸੀਂ ਆਪਣੀਆਂ ਸਲਾਈਡਾਂ ਉੱਪਰ ਇੱਕਸਾਰ ਅਤੇ ਪੇਸ਼ੇਵਰ ਦਿੱਖ ਸੈੱਟ ਕਰਨ ਲਈ ਕਰਦੇ ਹਾਂ।
- **ਬੈਕਗ੍ਰਾਊਂਡ ਸਟਾਈਲ:** ਸਲਾਈਡਾਂ ਉਪਰ ਮੌਜੂਦ ਟੈਕਸਟ, ਚਾਰਟ ਆਦਿ ਪਿੱਛੇ ਰੱਖੀਆਂ ਗਈਆਂ ਤਸਵੀਰਾਂ ਜਾਂ ਡਿਜ਼ਾਈਨ ਐਲੀਮੈਂਟਸ ਨੂੰ ਪਾਵਰਪੁਆਇੰਟ ਬੈਕਗ੍ਰਾਊਂਡਜ਼ ਕਿਹਾ ਜਾਂਦਾ ਹੈ। ਅਸੀਂ ਬੈਕਗ੍ਰਾਊਂਡ ਸਟਾਈਲ (Background styles) ਆਪਸ਼ਨ ਦੀ ਮਦਦ ਨਾਲ ਸਲਾਇਡਜ਼ ਦੇ ਬੈਕਗ੍ਰਾਊਂਡ ਦੀ ਦਿੱਖ ਬਦਲ ਸਕਦੇ ਹਾਂ।




**ਪ੍ਰ:2 ਸਲਾਇਡ ਲੇਅਆਊਟ (Slide Layout) ਕੀ ਹੈ? ਤੁਸੀਂ PowerPoint ਵਿੱਚ ਸਲਾਇਡ ਦੇ ਲੇਅਆਊਟ ਨੂੰ ਕਿਵੇਂ ਬਦਲੋਗੇ?**





ਉ: ਸਲਾਇਡ ਲੇਅਆਊਟ ਸਲਾਇਡ ਉੱਪਰ ਵੱਖ ਵੱਖ ਤੱਤਾਂ ਦੇ ਡਿਜ਼ਾਇਨ ਅਤੇ ਪਲੇਸਮੈਂਟ (placement) ਨੂੰ ਪ੍ਰਭਾਸ਼ਿਤ ਕਰਦਾ ਹੈ। ਪ੍ਰੈਜ਼ਨਟੇਸ਼ਨ ਵਿੱਚ ਸਲਾਇਡ ਦਾਖਲ ਕਰਨ ਤੋਂ ਬਾਅਦ ਵੀ ਅਸੀਂ ਸਲਾਇਡ ਦਾ ਲੇਅਆਊਟ ਬਦਲ ਸਕਦੇ ਹਾਂ। ਜਿਸਦੇ ਸਟੈਪ ਹੇਠ ਲਿਖੇ ਅਨੁਸਾਰ ਹਨ:

i. ਉਸ ਸਲਾਇਡ ਨੂੰ ਸਿਲੈਕਟ ਕਰੋ ਜਿਸ ਦਾ ਲੇਅਆਊਟ ਅਸੀਂ ਬਦਲਣਾ ਚਾਹੁੰਦੇ ਹਾਂ।
ii. Home ਟੈਬ ਦੇ Slides ਗਰੁੱਪ ਵਿੱਚ ਮੌਜੂਦ Layout ਡਰਾਪ-ਡਾਊਨ ਮੀਨੂੰ ਉੱਪਰ ਕਲਿੱਕ ਕਰੋ।
iii. ਆਪਣੀ ਜਰੂਰਤ ਅਨੁਸਾਰ ਢੁਕਵੇਂ ਲੇਅਆਊਟ ਦੀ ਚੋਣ ਕਰੋ।

**ਪ੍ਰ:3 PowerPoint ਦੀਆਂ ਸਲਾਇਡ ਵਿਊ ਆਪਸ਼ਨਜ਼ ਦਾ ਵਰਨਣ ਕਰੋ।**

ਉ: ਪਾਵਰਪੁਆਇੰਟ ਦੀਆਂ ਸਲਾਇਡ ਵਿਊ ਆਪਸ਼ਨਜ਼ ਦਾ ਵਰਨਣ ਇਸ ਪ੍ਰਕਾਰ ਹੈ:

- **ਨਾਰਮਲ ਵਿਊ (Normal View):** ਇਹ ਡਿਫਾਲਟ (default) ਵਿਊ ਹੈ ਜਿਥੇ ਅਸੀਂ ਆਪਣੀਆਂ ਸਲਾਈਡਾਂ ਬਣਾਉਂਦੇ, ਐਡਿਟ ਕਰਦੇ ਅਤੇ ਡਿਜ਼ਾਈਨ ਕਰਦੇ ਹਾਂ।
- **ਸਲਾਇਡ ਸਾਰਟਰ ਵਿਊ (Slide Sorter View):** ਇਹ ਵਿਊ ਥੰਬਨੇਲ (thumbnail) ਰੂਪ ਵਿੱਚ ਪ੍ਰੈਜ਼ਨਟੇਸ਼ਨ ਸਲਾਈਡਾਂ ਨੂੰ ਦਰਸ਼ਾਉਂਦਾ ਹੈ।
- **ਰੀਡਿੰਗ ਵਿਊ (Reading View):** ਇਹ ਵਿਊ ਸਾਡੀ ਪ੍ਰੈਜ਼ਨਟੇਸ਼ਨ ਦੇ ਪ੍ਰੀਵਿਊ ਨਾਲ ਕੰਪਿਊਟਰ ਸਕ੍ਰੀਨ ਦੇ ਜ਼ਿਆਦਾਤਰ ਹਿੱਸੇ ਨੂੰ ਭਰ ਦਿੰਦਾ ਹੈ।
- **ਸਲਾਇਡ ਸ਼ੋਅ ਵਿਊ (Slide Show View):** ਅਸੀਂ ਆਪਣੀ ਪ੍ਰੈਜ਼ਨਟੇਸ਼ਨ ਨੂੰ ਦਰਸ਼ਕਾਂ ਅੱਗੇ ਪੇਸ਼ ਕਰਨ ਲਈ Slide Show ਵਿਊ ਦੀ ਵਰਤੋਂ ਕਰਦੇ ਹਾਂ।






(Please Visit http://cspunjab.nirmancampus.co.in for more computer science contents)